U.S. ਨਿਆਂ ਵਿਭਾਗ ਕਮਿਊਨਿਟੀ ਰਿਲੇਸ਼ਨਸ ਸਰਵਿਸ

# ਕੈਂਪਸ ਭਾਈਚਾਰਿਆਂ ਨੂੰ ਸਮਰੱਥ ਬਣਾਉਣਾ

## ਸਹਿਯੋਗਕਾਰੀ ਤਰੀਕੇ ਨਾਲ ਮੁੱਦਿਆਂ ਦੀ ਪਛਾਣ ਕਰਨਾ ਅਤੇ ਵਿਵਾਦਾਂ ਨੂੰ ਹੱਲ ਕਰਨਾ

U.S. ਨਿਆਂ ਵਿਭਾਗ ਕਮਿਊਨਿਟੀ ਰਿਲੇਸ਼ਨਜ਼ ਸਰਵਿਸ (CRS) ਕੈਂਪਸ-ਸਾਇਟ ਪ੍ਰੋਬਲਮ ਆਈਡੈਂਟੀਫਿਕੇਸ਼ਨ ਐਂਡ ਰੈਜ਼ੋਲਿਊਸ਼ਨ ਆਫ਼ ਇਸ਼ੂਜ਼ ਟੂਗੇਦਰ (ਕੈਂਪਸ-ਸਪਰਾਈਟ) ਪ੍ਰੋਗਰਾਮ ਰਾਹੀਂ ਆਪਣੇ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਨੂੰ ਹੱਲ ਕਰਨ ਵਿੱਚਕੈਂਪਸ ਲੀਡਰਾਂ ਦੀ ਮਦਦ ਕਰਦਾ ਹੈ। ਪ੍ਰੋਗਰਾਮ ਕੈਂਪਸ ਭਾਈਚਾਰਿਆਂ ਨੂੰ ਨਸਲ, ਰੰਗ, ਕੌਮੀ ਮੂਲ, ਲਿੰਗ, ਲਿੰਗਕ ਪਛਾਣ, ਜਿਨਸੀ ਝੁਕਾਅ, ਧਰਮ, ਜਾਂ ਅਪਾਹਜਤਾ ਦੇ ਮੁੱਦਿਆਂ ਨਾਲ ਸਬੰਧਤ ਤਣਾਅ ਅਤੇ ਟਕਰਾਅ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ।

CRS, ਸਿਖਲਾਈ ਪ੍ਰਾਪਤ ਵਲੰਟੀਅਰ ਫੈਸੀਲੀਟੇਟਰਾਂ ਦੇ ਨਾਲ, ਅਲੱਗ-ਅਲੱਗ ਵਿਦਿਆਰਥੀ ਨੇਤਾਵਾਂ, ਕੈਂਪਸ ਪ੍ਰਸ਼ਾਸਕਾਂ, ਫੈਕਲਟੀ, ਸਟਾਫ, ਕੈਂਪਸ ਕਾਨੂੰਨ ਲਾਗੂ ਕਰਨ ਵਾਲੇ, ਅਤੇ ਭਾਈਚਾਰੇ ਦੇ ਬਾਹਰੀ ਲੀਡਰਾਂ ਨੂੰ ਉਹਨਾਂ ਦੇ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਦੀ ਪਛਾਣ ਕਰਨ ਅਤੇ ਉਹਨਾਂ ਮੁੱਦਿਆਂ ਦਾ ਹੱਲ ਵਿਕਸਤ ਕਰਨ ਵਿੱਚ ਮਦਦ ਕਰਨ ਲਈ ਪੂਰੇ ਦਿਨ ਜਾਂ ਦੋ ਅੱਧੇ ਦਿਨਾਂ ਦਾ ਕੈਂਪਸ-SPIRIT ਪ੍ਰੋਗਰਾਮ ਮੁਹੱਈਆ ਕਰਾਉਂਦਾ ਹੈ। SPIRIT ਸਮੱਸਿਆ-ਹੱਲ ਕਰਨ ਦੀ ਪ੍ਰਕਿਰਿਆ ਵਿਸ਼ਵਾਸ, ਸੰਚਾਰ, ਅਤੇ ਸਮਝ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੀ ਹੈ।

### ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਕੈਂਪਸ-SPIRIT 'ਤੇ ਕਿਉਂ ਵਿਚਾਰ ਕਰਨਾ ਚਾਹੀਦਾ ਹੈ?

ਕੈਂਪਸ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਅਹਿਮ ਮੁੱਦਿਆਂ ਦੀ ਪਛਾਣ ਕਰਨ ਅਤੇ ਹੱਲ ਕਰਨ ਲਈ ਭਾਈਚਾਰਕ ਨੇਤਾਵਾਂ ਦੇ ਇੱਕ ਵੰਨ-ਸੁਵੰਨੇ ਗਰੁੱਪ ਨੂੰ ਇਕੱਠਿਆਂ ਲਿਆਉਂਦਾ ਹੈ

ਵੰਨ-ਸੁਵੰਨੇ ਵਿਦਿਆਰਥੀ ਨੇਤਾਵਾਂ, ਪ੍ਰਸ਼ਾਸਕਾਂ, ਕੈਂਪਸ ਕਾਨੂੰਨ ਲਾਗੂ ਕਰਨ ਵਾਲੇ, ਅਤੇ ਹੋਰ ਅਹਿਮ ਭਾਈਵਾਲਾਂ ਵਿਚਕਾਰ ਸੰਚਾਰ ਅਤੇ ਸਹਿਯੋਗ ਵਿੱਚ ਸੁਧਾਰ ਕਰਦਾ ਹੈ

ਕੈਂਪਸ ਭਾਈਚਾਰਿਆਂ ਲਈ ਹੱਲ ਵਿਕਸਿਤ ਕਰਦੇ ਹੋਏ ਅਤੇ ਕਾਰਵਾਈਆਂ ਨੂੰ ਲਾਗੂ ਕਰਕੇ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ ਜੋ ਭਵਿੱਖ ਦੇ ਟਕਰਾਵਾਂਨੂੰ ਹੱਲ ਕਰਨ ਦੀ ਸਮਰੱਥਾ ਨੂੰ ਵਧਾਉਂਦੇ ਹਨ

### CRS ਪ੍ਰੋਗਰਾਮ ਅਤੇ ਸੇਵਾਵਾਂ ਵਿੱਚ ਸ਼ਾਮਲ ਹਨ



**ਮੁੱਦੇ ਦੀ ਪਛਾਣ ਕਰਨਾ।** ਕੈਂਪਸ ਦੇ ਭਾਈਵਾਲ ਆਪਣੇ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਦੀ ਪਛਾਣ ਕਰਨ ਲਈ ਛੋਟੇ ਸਮੂਹਾਂ ਵਿੱਚ ਕੰਮ ਕਰਦੇ ਹਨ , ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਿਹੜੀ ਚੀਜ਼ ਚੰਗੀ ਤਰ੍ਹਾਂ ਕੰਮ ਕਰਦੀ ਹੈ ਅਤੇ ਕਿਹੜੀ ਚੀਜ਼ ਨੂੰ ਬਦਲਣਾ ਚਾਹੀਦਾ ਹੈ। ਇਹ ਛੋਟੇ ਸਮੂਹ ਫਿਰ ਆਪਣੇ ਨਤੀਜਿਆਂ ਦੀ ਰਿਪੋਰਟ ਵੱਡੇ ਸਮੂਹ ਨੂੰ ਦਿੰਦੇ ਹਨ।

**ਮੁੱਦੇ ਦਾ ਤਰਜੀਹੀਕਰਨ।** ਛੋਟੇ ਸਮੂਹਾਂ ਵਿੱਚ ਪਛਾਣੇ ਗਏ ਮੁੱਦਿਆਂ ਵਿੱਚੋਂ, ਹਿੱਸੇਦਾਰ ਉਹਨਾਂ ਸਮੱਸਿਆਵਾਂ ਦੀ ਪਛਾਣ ਕਰਦੇ ਹਨ ਅਤੇ ਉਹਨਾਂ ਨੂੰ ਤਰਜੀਹ ਦਿੰਦੇ ਹਨਜੋ ਉਹਨਾਂ ਦੇ ਭਾਈਚਾਰੇ ਵਿੱਚ ਹੱਲ ਕਰਨ ਲਈ ਸਭ ਤੋਂ ਮਹੱਤਵਪੂਰਨ ਹਨ।

**ਹੱਲ ਵਿਕਸਿਤ ਕਰਨਾ।** ਪਛਾਣੇ ਗਏ ਤਰਜੀਹੀ ਮੁੱਦਿਆਂ ਲਈ ਹੱਲ ਵਿਕਸਿਤ ਕਰਨ ਲਈ ਭਾਈਵਾਲਾਂ ਨੂੰ ਨਵੇਂ ਛੋਟੇ ਸਮੂਹਾਂ ਕੋਲ ਦੁਬਾਰਾ ਨਿਯੁਕਤ ਕੀਤਾ ਜਾਂਦਾ ਹੈ। ਉਹ ਹਰੇਕ ਸੰਭਾਵੀ ਹੱਲ ਦੇ ਸੰਭਾਵੀ ਪ੍ਰਭਾਵਾਂ ਅਤੇ ਨਤੀਜਿਆਂ ਬਾਰੇ ਚਰਚਾ ਕਰਦੇ ਹਨ ਅਤੇ ਵੱਡੇ ਸਮੂਹ ਨੂੰ ਆਪਣੇ ਨਤੀਜਿਆਂ ਦੀ ਰਿਪੋਰਟ ਕਰਦੇ ਹਨ।

**ਕੈਂਪਸ-SPIRIT ਕੌਂਸਲ।** ਭਾਗੀਦਾਰ ਇੱਕ SPIRIT ਕੌਂਸਲ ਲਈ ਮੈਂਬਰਾਂ ਨੂੰ ਚੁਣਦੇ ਅਤੇ ਨਿਯੁਕਤ ਕਰਦੇ ਹਨ। ਕੌਂਸਲ ਕੈਂਪਸ ਦੇ ਭਾਈਚਾਰਕ ਲੀਡਰਾਂ ਦਾ ਬਣਿਆ ਇੱਕ ਸਥਾਈ ਗਰੁੱਪ ਹੈ ਜੋ ਕੈਂਪਸ-SPIRIT ਪ੍ਰੋਗਰਾਮ ਦੌਰਾਨ ਵਿਕਸਿਤ ਕੀਤੇ ਗਏ ਹੱਲਾਂ ਨੂੰ ਲਾਗੂ ਕਰਨ ਲਈ ਕੰਮ ਕਰਦੇ ਹਨ।

**ਕੈਂਪਸ-SPIRIT ਰਿਪੋਰਟ ਅਤੇ ਸੰਮੇਲਨ।** CRS ਕੈਂਪਸ-SPIRIT ਪ੍ਰੋਗਰਾਮ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਦੀ ਇੱਕ ਰਿਪੋਰਟ ਬਣਾਉਂਦਾ ਹੈ। CRS ਰਿਪੋਰਟ ਦੀ ਸਮੀਖਿਆ ਕਰਨ ਅਤੇ ਪ੍ਰੋਗਰਾਮ ਦੌਰਾਨ ਵਿਕਸਿਤ ਕੀਤੇ ਗਏ ਹੱਲਾਂ ਲਈ ਠੋਸ ਕਾਰਵਾਈ ਕਦਮਾਂ ਨੂੰ ਲਾਗੂ ਕਰਨ ਲਈ SPIRIT ਕੌਂਸਲ ਅਤੇ ਕੈਂਪਸ ਦੇ ਨੇਤਾਵਾਂ ਨੂੰ ਬੁਲਾਉਂਦਾ ਹੈ।

## CRS ਬਾਰੇ

1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ X ਰਾਹੀਂ ਸਥਾਪਿਤ ਅਤੇ ਮੈਥਿਊ ਸ਼ੈਫਰਡ ਅਤੇ ਜੇਮਸ ਬਰਡ, ਜੂਨੀਅਰ, 2009 ਦੇ ਨਫ਼ਰਤ ਅਪਰਾਧ ਰੋਕਥਾਮ ਐਕਟ ਦੁਆਰਾ ਵਿਸਤਾਰ ਕੀਤਾ ਗਿਆ, CRS ਨਸਲ, ਰੰਗ, ਕੌਮੀ ਮੂਲ, ਲਿੰਗ, ਲਿੰਗਕ ਪਛਾਣ, ਜਿਨਸੀ ਝੁਕਾਅ, ਧਰਮ, ਅਤੇ ਅਪਾਹਜਤਾ ਦੇ ਭਿੰਨਤਾਵਾਂ ਦੇ ਆਧਾਰ 'ਤੇ ਤਣਾਅ ਜਾਂ ਟਕਰਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ "ਅਮਰੀਕਾ ਦੇ ਪੀਸਮੇਕਰ" ਵਜੋਂ ਕੰਮ ਕਰਦਾ ਹੈ। CRS ਸੇਵਾਵਾਂ ਦਾ ਉਦੇਸ਼ ਸਮੱਸਿਆ ਹੱਲ ਕਰਨ, ਵਧੇ ਹੋਏ ਗਿਆਨ, ਅਤੇ ਸੁਧਰੇ ਹੋਏ ਸੰਚਾਰ ਦੀ ਵਰਤੋਂ ਰਾਹੀਂ ਭਵਿੱਖੀ ਟਕਰਾਵਾਂ ਨੂੰ ਸੁਤੰਤਰ ਅਤੇ ਸਹਿਯੋਗੀ ਤੌਰ 'ਤੇ ਰੋਕਣ ਅਤੇ ਹੱਲ ਕਰਨ ਲਈ ਸਥਾਨਕ ਭਾਈਚਾਰਿਆਂ ਦੀ ਯੋਗਤਾ ਨੂੰ ਵਧਾਉਣਾ ਹੈ।

## CRS ਸੇਵਾਵਾਂ ਅਤੇ ਪ੍ਰੋਗਰਾਮ

CRS ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਨੂੰ ਪ੍ਰੋਗਰਾਮਾਂ ਦੀ ਇੱਕ ਲੜੀ ਮੁਹੱਈਆ ਕਰਾਉਂਦਾ ਹੈ ਜੋ ਸਮਝ ਪੈਦਾ ਕਰਦੇ ਹਨ, ਸਹਿਯੋਗ ਨੂੰ ਬਿਹਤਰ ਬਣਾਉਂਦੇ ਹਨ, ਅਤੇ ਭਵਿੱਖ ਦੇ ਟਕਰਾਅ ਨੂੰ ਰੋਕਦੇ ਹਨ। CRS ਦਾ ਸਟਾਫ ਪੇਸ਼ੇਵਰ ਵਿਚੋਲੇ, ਸਹਾਇਕ, ਸਿਖਲਾਈ ਪ੍ਰਦਾਤੇ, ਅਤੇ ਸਲਾਹਕਾਰ ਹਨ ਜਿਹਨਾਂ ਨੂੰ ਮੌਜੂਦਾ ਟਕਰਾਅ ਨੂੰ ਸੁਲਝਾਉਣ ਅਤੇ ਭਵਿੱਖ ਦੇ ਟਕਰਾਵਾਂ ਨੂੰ ਰੋਕਣਲਈ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਲਿਆ ਕੇ ਉਹਨਾਂ ਦੀ ਯੋਗਤਾ ਨੂੰ ਵਧਾਉਣ ਵਿੱਚ ਮਦਦ ਕਰਨ ਦਾ ਤਜ਼ਰਬਾ ਹੈ।

## ਅਸੀਂ ਕਿੱਥੇ ਕੰਮ ਕਰਦੇ ਹਾਂ

### CRS ਹੈੱਡਕੁਆਰਟਰ
ਵਾਸ਼ਿੰਗਟਨ, DC

### CRS ਖੇਤਰੀ ਦਫਤਰ

**ਨਿਊ ਇੰਗਲੈਂਡ**
ਬੋਸਟਨ, MA

**ਉੱਤਰ-ਪੂਰਬ**
ਨਿਊ ਯਾਰਕ, NY

**ਮਿਡ-ਅਟਲਾਂਟਿਕ**
ਫਿਲਾਡੇਲਫੀਆ, PA

**ਦੱਖਣ-ਪੂਰਬ**
ਐਟਲਾਂਟਾ, GA

**ਮਿਡਵੈਸਟ**
ਸ਼ਿਕਾਗੋ, IL

**ਸਾਊਥਵੈਸਟ**
ਡੈਲਾਸ, TX

**ਸੈਂਟਰਲ**
ਕੈਂਸਾਸ ਸਿਟੀ, MO

**ਰਾਕੀ ਮਾਊਨਟੇਨ**
ਡੈਨਵਰ, CO

**ਵੈਸਟਰਨ**
ਲੌਸ ਐਂਜਲਸ, CA

**ਨਾਰਥਵੈਸਟ**
ਸੀਆਟਲ, WA

### CRS ਫੀਲਡ ਦਫਤਰ
ਮਿਆਮੀ, FL
ਹਿਊਸਟਨ, TX
ਡੀਟ੍ਰੋਇਟ, MI
ਸੈਨ ਫ੍ਰਾਂਸਿਸਕੋ, CA




## ਸਾਨੂੰ ਲੱਭੋ, ਸਾਡੇ ਨਾਲ ਜੁੜੋ

www.justice.gov/crs

facebook.com/DOJCRS/ | @DOJ_CRS | askcrs@usdoj.gov | 202.305.2935

ਇਸ ਪ੍ਰੋਗਰਾਮ ਜਾਂ ਹੋਰ CRS ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ CRS ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices

ਜੂਨ 2021 ਨੂੰ ਬਣਾਇਆ ਗਿਆ